Exam. Code : 108503
Subject Code : 2741

**B.Com. Semester—III**

**PUNJABI COMPULSORY**

**Paper : BCG–302 (i)**

Time Allowed—3 Hours] [Maximum Marks—50

1. ਪ੍ਰੋ. ਪੂਰਨ ਸਿੰਘ ਦੀ ਲਿਖੀ ਹੋਈ ਕਵਿਤਾ 'ਖੂਹ ਉੱਤੇ' ਦਾ ਵਿਸ਼ਾ-ਵਸਤੂ ਲਿਖੋ।

ਜਾਂ

ਬਾਬਾ ਬਲਵੰਤ ਦੀ ਲਿਖੀ ਹੋਈ ਕਵਿਤਾ 'ਤੇਰਾ ਮੇਲ' ਕਵਿਤਾ ਦਾ ਸਾਰ ਲਿਖੋ। 15

2. ਕਿਸੇ **ਇਕ** ਇਕਾਂਗੀ ਦਾ ਵਿਸ਼ਾ-ਵਸਤੂ ਸਪਸ਼ਟ ਕਰੋ :

ਸੁਹਾਗ, ਜ਼ਫ਼ਰਨਾਮਾ। 15

3. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਤੇ ਨਾਲ ਹੀ ਢੁੱਕਵਾਂ ਸਿਰਲੇਖ ਵੀ ਦਿਉ :

ਬਹੁਤ ਸਾਰੇ ਵਹਿਮ ਸ਼ਗਨਾਂ-ਅਪਸ਼ਗਨਾਂ ਦੇ ਹਨ, ਜਿਨ੍ਹਾਂ ਦਾ ਸੰਬੰਧ ਸਫ਼ਰ ਨਾਲ ਖਾਸ ਹੈ। ਪੁਰਾਣੇ ਵਕਤਾਂ ਵਿਚ ਰੇਲਾਂ ਨਹੀਂ ਸਨ, ਨਾ ਕੋਈ ਸਾਫ਼ ਪੱਧਰੀਆਂ ਸੜਕਾਂ ਸਨ। ਇਸ ਲਈ ਸਫ਼ਰ



weeklypoetry.com

ਬੜਾ ਖ਼ਤਰਨਾਕ ਹੁੰਦਾ ਸੀ। ਚੱਲਣ ਲੱਗਿਆਂ ਹਜ਼ਾਰਾਂ ਤਰ੍ਹਾਂ ਦੀਆਂ ਚੌਕਸੀਆਂ ਕਰਨੀਆਂ ਪੈਂਦੀਆਂ ਸਨ। ਸੱਜੇ ਖੱਬੇ ਤਕ ਕੇ ਤੁਰਨਾ ਪੈਂਦਾ ਸੀ। ਜੇ ਗਧਾ ਖੱਬੇ ਪਾਸੇ ਹੀਂਗੇ ਜਾਂ ਭਾਰ ਨਾਲ ਲੱਦਿਆ ਮਿਲੇ ਤਾਂ ਚੰਗਾ। ਜੇ ਤਿੱਤਰ ਖੱਬੇ ਪਾਸੇ ਬੋਲੇ ਤਾਂ ਮਾੜਾ। ਜੇ ਹਿਰਨਾਂ ਦੀ ਡਾਰ ਖੱਬੇ ਜਾਂਦੀ ਮਿਲੇ ਤਾਂ ਮਾੜੀ। ਗਿੱਦੜ ਸੱਜਿਓਂ ਦਿਸੇ ਤਾਂ ਚੰਗਾ, ਦੋ ਮਿਲਣ ਤਾਂ ਹੋਰ ਵੀ ਚੰਗਾ। ਕਈ ਵਹਿਮ ਸ਼ਿਕਾਰੀ ਲੋਕਾਂ ਦੇ ਵੀ ਹਨ। ਕਹਿੰਦੇ ਹਨ ਕਿ ਜਨੌਰਾਂ ਵਿਚੋਂ ਸਭ ਤੋਂ ਪਹਿਲਾਂ ਘੋੜਾ ਪੈਦਾ ਹੋਇਆ, ਫੇਰ ਹਾਥੀ। ਇਸ ਲਈ ਇਨ੍ਹਾਂ ਤੋਂ ਕੋਈ ਬਦਸ਼ਗਨੀ ਨਹੀਂ ਮੰਨਦੇ। ਇਹ ਆਪਣੇ ਮਾਲਕ ਨੂੰ ਅਗੇਤਰੇ ਹੀ ਖ਼ਤਰੇ ਦਾ ਪਤਾ ਦੇ ਦਿੰਦੇ ਹਨ। ਜੇ ਘੋੜਾ ਨੱਚਦਾ-ਟੱਪਦਾ ਮਿਲੇ ਤਾਂ ਬਹੁਤ ਚੰਗਾ ਮੰਨਦੇ ਹਨ। ਘੋੜਾ ਖਰੀਦਣ ਜਾਈਏ, ਤਾਂ ਵੀ ਇਹ ਕੰਨ ਸਿਰ ਹਿਲਾ ਕੇ ਜਾਂ ਖੁਰ ਮਾਰ ਕੇ ਦਸ ਦਿੰਦਾ ਹੈ ਕਿ ਸੌਦਾ ਚੰਗਾ ਹੈ ਜਾਂ ਮੰਦਾ। 10

4. ਉਪਵਾਕ ਕੀ ਹੁੰਦਾ ਹੈ ? ਇਸ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦਾ ਵਾਕ ਵਿੱਚ ਕਾਰਜ ਤੇ ਸਥਾਨ ਦੱਸੋ।

ਜਾਂ

ਕਾਰਜ ਦੇ ਆਧਾਰ 'ਤੇ ਪੰਜਾਬੀ ਵਾਕਾਂ ਦੀਆਂ ਕਿਸਮਾਂ ਕਿੰਨੀਆਂ ਹਨ ? ਉਦਾਹਰਨਾਂ ਸਹਿਤ ਜਾਣਕਾਰੀ ਦਿਉ। 10



weeklypoetry.com